PUNJABI

Court Network



# ਅਦਾਲਤ ਵਿੱਚ ਤੁਹਾਡਾ ਦਿਨ

## A Guide

Magistrates’ Court

# ਮੈਜਿਸਟ੍ਰੇਟ ਅਦਾਲਤ ਵਿੱਚ ਅਦਾਲਤੀ ਮਾਮਲਿਆਂ ਦੀਆਂ ਕਿਸਮਾਂ

**ਅਪਰਾਧਿਕ:** ਅਜਿਹਾ ਮਾਮਲਾ ਜਿੱਥੇ ਪੁਲਿਸ ਕਹਿੰਦੀ ਹੈ ਕਿ ਤੁਸੀਂ ਕਾਨੂੰਨ ਤੋੜਿਆ ਹੈ। ਉਦਾਹਰਨ ਲਈ, ਆਵਾਜਾਈ ਦੇ ਅਪਰਾਧ, ਚੋਰੀ ਜਾਂ ਹਮਲਾ।

**ਸਿਵਲ:** ਦੋ ਧਿਰਾਂ ਵਿਚਕਾਰ ਵਿਵਾਦ। ਉਦਾਹਰਨ ਲਈ, ਕਰਜ਼ਾ, ਇਕਰਾਰਨਾਮੇ ਨੂੰ ਤੋੜਨਾ, ਬਿਨਾਂ ਭੁਗਤਾਨ ਕੀਤੇ ਜੁਰਮਾਨੇ।

**ਦਖ਼ਲ-ਅੰਦਾਜ਼ੀ ਦੇ ਆਦੇਸ਼:** ਉਹ ਮਾਮਲਾ ਜਿੱਥੇ ਕੋਈ ਵਿਅਕਤੀ ਹਿੰਸਕ ਹੋਇਆ ਹੈ ਜਾਂ ਕਿਸੇ ਹੋਰ ਵਿਅਕਤੀ ਨੂੰ ਨੁਕਸਾਨ ਪਹੁੰਚਾਇਆ ਹੈ ਉਦਾਹਰਨ ਲਈ ਪਰਿਵਾਰ ਦੇ ਜੀਅ, ਗੁਆਂਢੀ, ਅਜਨਬੀ, ਅਤੇ ਪੁਲਿਸ ਜਾਂ ਪ੍ਰਭਾਵਿਤ ਵਿਅਕਤੀ ਸੁਰੱਖਿਆ ਲਈ ਦਖ਼ਲ ਅੰਦਾਜ਼ੀ ਦੇ ਆਦੇਸ਼ ਦੀ ਮੰਗ ਕਰ ਰਹੇ ਹਨ।



# ਅਦਾਲਤ ਜਾਣ ਦੀ ਤਿਆਰੀ ਕਰਨਾ

## ਅਦਾਲਤ ਤੱਕ ਪਹੁੰਚਣਾ

- ਅਦਾਲਤਾਂ ਹਮੇਸ਼ਾ ਜਨਤਕ ਆਵਾਜਾਈ ਦੇ ਨੇੜੇ ਨਹੀਂ ਹੁੰਦੀਆਂ ਅਤੇ ਪਾਰਕਿੰਗ ਹਮੇਸ਼ਾ ਮੁਫ਼ਤ ਜਾਂ ਉਪਲਬਧ ਨਹੀਂ ਹੁੰਦੀ ਹੈ। ਆਪਣੀ ਅਦਾਲਤ ਦੀ ਤਰੀਕ ਤੋਂ ਪਹਿਲਾਂ ਵਿਚਾਰ ਕਰੋ ਕਿ ਤੁਸੀਂ ਅਦਾਲਤ ਕਿਵੇਂ ਪਹੁੰਚੋਗੇ ਅਤੇ ਵਾਪਸ ਆਵੋਗੇ।
- ਅਦਾਲਤ ਦੀ ਇਮਾਰਤ ਵਿੱਚ ਦਾਖ਼ਲ ਹੋਣ ਲਈ ਤੁਹਾਨੂੰ ਸੁਰੱਖਿਆ ਵਿੱਚੋਂ ਦੀ ਲੰਘਣਾ ਪਵੇਗਾ। ਅਦਾਲਤ ਵਿੱਚ ਕੋਈ ਹਥਿਆਰ ਜਾਂ ਤਿੱਖੀ ਚੀਜ਼ ਨਾ ਲਿਆਓ।

## ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ

- ਜੇ ਤੁਹਾਨੂੰ ਅਦਾਲਤ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਦੁਭਾਸ਼ੀਏ ਦੀ ਲੋੜ ਹੈ, ਤਾਂ ਆਪਣੀ ਅਦਾਲਤ ਦੀ ਤਰੀਕ ਤੋਂ ਪਹਿਲਾਂ ਅਦਾਲਤ ਨੂੰ ਫ਼ੋਨ ਕਰੋ, ਤੁਸੀਂ ਮੁਫ਼ਤ ਦੁਭਾਸ਼ੀਆ ਸੇਵਾ ਲਈ ਯੋਗ ਹੋ ਸਕਦੇ ਹੋ।
- ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ ਇਸ ਦੀ ਵਰਤੋਂ ਕਰੋ। ਇਹ ਮਹੱਤਵਪੂਰਨ ਹੈ ਕਿ ਤੁਸੀਂ ਸਮਝਦੇ ਹੋਵੋ ਕਿ ਅਦਾਲਤ ਵਿੱਚ ਕੀ ਹੋ ਰਿਹਾ ਹੈ।
- ਜੇ ਤੁਸੀਂ ਦੁਭਾਸ਼ੀਏ ਨੂੰ ਬੁੱਕ ਕੀਤਾ ਹੈ, ਤਾਂ ਤੁਹਾਡੀ ਅਦਾਲਤ ਦੀ ਸੁਣਵਾਈ ਦੁਭਾਸ਼ੀਏ ਤੋਂ ਬਿਨਾਂ ਨਹੀਂ ਹੋਣੀ ਚਾਹੀਦੀ। ਜੇ ਤੁਹਾਨੂੰ ਪੱਕਾ ਯਕੀਨ ਨਹੀਂ ਹੈ ਕਿ ਕੀ ਦੁਭਾਸ਼ੀਏ ਨੂੰ ਬੁੱਕ ਕੀਤਾ ਗਿਆ ਹੈ, ਤਾਂ ਰਜਿਸਟਰੀ ਡੈਸਕ ਕੋਲੋਂ ਪਤਾ ਕਰੋ।

## ਅਦਾਲਤ ਵਿੱਚ ਪੂਰਾ ਦਿਨ ਲੱਗ ਸਕਦਾ ਹੈ।

- ਤੁਸੀਂ ਕੁਝ ਘੰਟਿਆਂ ਜਾਂ ਪੂਰੇ ਦਿਨ ਲਈ ਅਦਾਲਤ ਵਿੱਚ ਹੋ ਸਕਦੇ ਹੋ, ਇਸ ਲਈ ਕੋਸ਼ਿਸ਼ ਕਰੋ ਕਿ ਤੁਹਾਡੇ ਅਦਾਲਤ ਵਾਲੇ ਦਿਨ ਕੋਈ ਹੋਰ ਮੁਲਾਕਾਤਾਂ ਤੈਅ ਨਾ ਕੀਤੀਆਂ ਜਾਣ। ਜੇ ਤੁਹਾਡੇ ਬੱਚੇ ਜਾਂ ਉਹ ਲੋਕ ਹਨ ਜਿਨ੍ਹਾਂ ਦੀ ਤੁਸੀਂ ਦੇਖਭਾਲ ਕਰਦੇ ਹੋ, ਤਾਂ ਦਿਨ ਭਰ ਉਨ੍ਹਾਂ ਦੀ ਦੇਖਭਾਲ ਕਰਨ ਲਈ ਕਿਸੇ ਹੋਰ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰੋ ਜਾਂ ਅਦਾਲਤ ਨੂੰ ਦੱਸੋ।

## ਕਾਨੂੰਨੀ ਸਲਾਹ


- ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਅਦਾਲਤ ਜਾਣ ਤੋਂ ਪਹਿਲਾਂ ਕਾਨੂੰਨੀ ਸਲਾਹ ਲਓ। ਜੇ ਤੁਸੀਂ ਕਿਸੇ ਵਕੀਲ ਨਾਲ ਗੱਲ ਨਹੀਂ ਕੀਤੀ ਹੈ ਤਾਂ ਤੁਸੀਂ ਰਜਿਸਟਰੀ ਨੂੰ ਪੁੱਛ ਸਕਦੇ ਹੋ ਕਿ ਕੀ ਤੁਸੀਂ ਡਿਊਟੀ ਵਕੀਲ ਦੀ ਸੇਵਾ ਲੈਣ ਲਈ ਯੋਗ ਹੋ।

# ਸਹਾਇਤਾ

- ਜੇ ਸੰਭਵ ਹੋਵੇ, ਤਾਂ ਆਪਣੇ ਨਾਲ ਕਿਸੇ ਸਹਾਇਤਾ ਕਰਨ ਵਾਲੇ ਵਿਅਕਤੀ ਨੂੰ ਅਦਾਲਤ ਵਿੱਚ ਲਿਆਓ। ਇਹ ਕੋਈ ਦੋਸਤ ਜਾਂ ਪਰਿਵਾਰ ਦਾ ਜੀਅ ਹੋ ਸਕਦਾ ਹੈ। ਜੇ ਇਹ ਸੰਭਵ ਨਹੀਂ ਹੈ ਜਾਂ ਤੁਸੀਂ ਅਦਾਲਤ ਅਤੇ ਇਸ ਦੀਆਂ ਪ੍ਰਕਿਰਿਆਵਾਂ ਤੋਂ ਜਾਣੂ ਕਿਸੇ ਵਿਅਕਤੀ ਤੋਂ ਵਾਧੂ ਸਹਾਇਤਾ ਚਾਹੁੰਦੇ ਹੋ, ਤਾਂ ਤੁਸੀਂ **ਕੋਰਟ ਨੈੱਟਵਰਕ** (Court Network) ਨਾਲ 1800 571 239 'ਤੇ ਸਹਾਇਤਾ ਬੁੱਕ ਕਰ ਸਕਦੇ ਹੋ।

# ਕੀ ਪਹਿਨਣਾ ਹੈ ਅਤੇ ਕੀ ਨਾਲ ਲਿਆਉਣਾ ਹੈ

- ਪਹਿਨੋ: ਬਣਦੇ-ਠਣਦੇ (ਸਮਾਰਟ), ਸਾਫ਼ ਕੱਪੜੇ
- ਲਿਆਓ; ਸਨੈਕਸ ਅਤੇ ਪਾਣੀ, ਪੂਰੀ ਤਰ੍ਹਾਂ ਚਾਰਜ ਕੀਤੀਆਂ ਡਿਵਾਈਸਾਂ ਅਤੇ ਤੁਹਾਡੇ ਕੇਸ/ਮਾਮਲੇ ਨਾਲ ਸਬੰਧਿਤ ਕੋਈ ਵੀ ਦਸਤਾਵੇਜ਼।
- ਨਾ ਕਰੋ: ਟੋਪੀ ਨਾ ਪਹਿਨੋ ਜਾਂ ਅਦਾਲਤ ਵਿੱਚ ਧਾਤ ਜਾਂ ਕੱਚ ਨਾ ਲਿਆਓ।

# ਅਦਾਲਤ

## ਜਦੋਂ ਤੁਸੀਂ ਪਹੁੰਚਦੇ ਹੋ

- ਜਦੋਂ ਤੁਸੀਂ ਅਦਾਲਤ ਵਿੱਚ ਪਹੁੰਚਦੇ ਹੋ ਤਾਂ ਰਜਿਸਟਰੀ ਕਾਊਂਟਰ 'ਤੇ ਜਾਓ।
- ਰਜਿਸਟਰੀ ਅਮਲੇ ਨੂੰ ਦੱਸੋ ਕਿ ਤੁਹਾਡੀ ਅਦਾਲਤ ਵਿੱਚ ਸੁਣਵਾਈ ਹੈ, ਉਨ੍ਹਾਂ ਨੂੰ ਆਪਣੇ ਅਦਾਲਤੀ ਦਸਤਾਵੇਜ਼ ਦਿਖਾਓ।
- ਜੇ ਅਦਾਲਤ ਨੇ ਤੁਹਾਡੇ ਲਈ ਦੁਭਾਸ਼ੀਏ ਦਾ ਪ੍ਰਬੰਧ ਕੀਤਾ ਹੈ, ਤਾਂ ਅਮਲੇ ਨੂੰ ਪੁੱਛੋ ਕਿ ਉਹ ਕਦੋਂ ਪਹੁੰਚਣਗੇ। ਜੇ ਕੋਈ ਦੁਭਾਸ਼ੀਆ ਬੁੱਕ ਨਹੀਂ ਕੀਤਾ ਗਿਆ ਹੈ ਪਰ ਤੁਹਾਨੂੰ ਇਸ ਦੀ ਲੋੜ ਹੈ, ਤਾਂ ਅਮਲੇ ਨੂੰ ਪੁੱਛੋ ਕਿ ਕੀ ਕੋਈ ਦੁਭਾਸ਼ੀਆ ਉਪਲਬਧ ਹੈ।
- ਰਜਿਸਟਰੀ ਦਾ ਅਮਲਾ ਪੁੱਛੇਗਾ ਕਿ ਕੀ ਤੁਹਾਡਾ ਕੋਈ ਵਕੀਲ ਹੈ ਜਾਂ ਕੀ ਤੁਸੀਂ ਆਪਣੀ ਨੁਮਾਇੰਦਗੀ ਖੁਦ ਕਰ ਰਹੇ ਹੋ। ਜੇ ਤੁਹਾਡੇ ਕੋਲ ਕੋਈ ਵਕੀਲ ਨਹੀਂ ਹੈ ਤਾਂ ਤੁਹਾਨੂੰ ਇਹ ਪਤਾ ਕਰਨਾ ਚਾਹੀਦਾ ਹੈ ਕਿ ਕੀ ਅਦਾਲਤ ਵਿੱਚ ਕੋਈ ਡਿਊਟੀ ਵਕੀਲ ਉਪਲਬਧ ਹੈ।
- ਰਜਿਸਟਰੀ ਤੁਹਾਨੂੰ ਦੱਸ ਸਕਦੀ ਹੈ ਕਿ ਤੁਹਾਡੇ ਕੇਸ ਦੀ ਸੁਣਵਾਈ ਅਦਾਲਤ ਦੇ ਕਿਸ ਕਮਰੇ ਵਿੱਚ ਹੋਵੇਗੀ।
- ਜੇ ਤੁਹਾਨੂੰ ਸੁਰੱਖਿਆ ਸੰਬੰਧੀ ਕੋਈ ਚਿੰਤਾਵਾਂ ਹਨ, ਤਾਂ ਰਜਿਸਟਰੀ ਜਾਂ ਸੁਰੱਖਿਆ ਨੂੰ ਦੱਸੋ।

## ਆਪਣੇ ਕੇਸ ਦੀ ਉਡੀਕ ਕਰਨਾ

- ਜਦੋਂ ਤੁਸੀਂ ਆਪਣੇ ਕੇਸ ਦੀ ਸੁਣਵਾਈ ਦੀ ਉਡੀਕ ਕਰਦੇ ਹੋ ਤਾਂ ਤੁਹਾਡੇ ਲਈ ਉਡੀਕ ਕਰਨ ਲਈ ਉਡੀਕ ਖੇਤਰ ਬਣਿਆ ਹੁੰਦਾ ਹੈ। ਕਿਰਪਾ ਕਰਕੇ ਸਬਰ ਰੱਖੋ ਕਿਉਂਕਿ ਤੁਸੀਂ ਕੁਝ ਘੰਟਿਆਂ ਦੀ ਉਡੀਕ ਕਰ ਰਹੇ ਹੋ ਸਕਦੇ ਹੋ।
- ਜੇ ਤੁਹਾਨੂੰ ਕਿਸੇ ਵੀ ਕਾਰਨ ਕਰਕੇ ਅਦਾਲਤ ਵਾਲੀ ਇਮਾਰਤ (ਕੋਰਟ ਹਾਊਸ) ਵਿੱਚੋਂ ਬਾਹਰ ਜਾਣ ਦੀ ਲੋੜ ਹੈ, ਤਾਂ ਕਿਰਪਾ ਕਰਕੇ ਰਜਿਸਟਰੀ ਨੂੰ ਦੱਸੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਆਪਣਾ ਕੇਸ ਖੁੰਝ ਨਾ ਜਾਓ।
- ਜੇ ਦੁਭਾਸ਼ੀਏ ਨੂੰ ਬੁੱਕ ਕੀਤਾ ਗਿਆ ਹੈ, ਤਾਂ ਤੁਹਾਡਾ ਕੇਸ ਉਦੋਂ ਤੱਕ ਸ਼ੁਰੂ ਨਹੀਂ ਹੋਣਾ ਚਾਹੀਦਾ ਜਦੋਂ ਤੱਕ ਤੁਹਾਡਾ ਦੁਭਾਸ਼ੀਆ ਨਹੀਂ ਆਉਂਦਾ।
- ਜਦੋਂ ਤੁਹਾਡਾ ਕੇਸ ਤਿਆਰ ਹੋ ਜਾਵੇਗਾ, ਤਾਂ ਤੁਹਾਨੂੰ ਅਦਾਲਤ ਦੇ ਕਮਰੇ ਵਿੱਚ ਬੁਲਾਇਆ ਜਾਵੇਗਾ।




# ਅਦਾਲਤ ਦਾ ਕਮਰਾ

- ਜਦੋਂ ਤੁਹਾਡਾ ਕੇਸ ਬੁਲਾਇਆ ਜਾਂਦਾ ਹੈ, ਤਾਂ ਅਦਾਲਤ ਦੇ ਕਮਰੇ ਵਿੱਚ ਜਾਓ।
- ਆਪਣੇ ਫ਼ੋਨ ਨੂੰ ਸਾਈਲੈਂਟ 'ਤੇ ਕਰੋ।
- ਦਾਖ਼ਲ ਹੋਣ ਅਤੇ ਬਾਹਰ ਨਿਕਲਣ ਵੇਲੇ ਮੈਜਿਸਟ੍ਰੇਟ ਅੱਗੇ ਝੁਕੋ।
- ਮੈਜਿਸਟ੍ਰੇਟ ਤੁਹਾਨੂੰ ਇਸ ਬਾਰੇ ਕੁਝ ਸਵਾਲ ਪੁੱਛ ਸਕਦਾ ਹੈ ਕਿ ਤੁਹਾਡੇ ਕੇਸ ਨਾਲ ਕੀ ਚੱਲ ਰਿਹਾ ਹੈ। ਜੇ ਤੁਹਾਡੇ ਕੋਲ ਕੋਈ ਵਕੀਲ ਹੈ ਤਾਂ ਉਨ੍ਹਾਂ ਨੂੰ ਤੁਹਾਡੇ ਲਈ ਬੋਲਣ ਦਿਓ ਪਰ ਜੇ ਤੁਹਾਡੇ ਕੋਲ ਕੋਈ ਵਕੀਲ ਨਹੀਂ ਹੈ ਤਾਂ ਤੁਸੀਂ ਮੈਜਿਸਟ੍ਰੇਟ ਨਾਲ ਗੱਲ ਕਰ ਸਕਦੇ ਹੋ। ਮੈਜਿਸਟ੍ਰੇਟ ਨੂੰ "ਯੂਅਰ ਔਨਰ" ਕਹਿ ਕੇ ਸੰਬੋਧਨ ਕਰੋ।
- ਕੇਸ ਦੀ ਜਾਣਕਾਰੀ ਸੁਣਨ ਤੋਂ ਬਾਅਦ, ਮੈਜਿਸਟ੍ਰੇਟ ਫ਼ੈਸਲਾ ਕਰੇਗਾ ਕਿ ਅੱਗੇ ਕੀ ਕਰਨਾ ਹੈ। ਤੁਹਾਨੂੰ ਅਦਾਲਤ ਵਿੱਚ ਵਾਪਸ ਆਉਣ ਦੀ ਲੋੜ ਪੈ ਸਕਦੀ ਹੈ, ਜਾਂ ਤੁਹਾਡਾ ਕੇਸ ਇਸ ਦਿਨ ਖ਼ਤਮ ਹੋ ਸਕਦਾ ਹੈ।
- ਜੇ ਤੁਸੀਂ ਇਸ ਬਾਰੇ ਸਪੱਸ਼ਟ ਨਹੀਂ ਹੋ ਕਿ ਕੀ ਹੋ ਰਿਹਾ ਹੈ ਤਾਂ ਮੈਜਿਸਟ੍ਰੇਟ ਨੂੰ ਸਵਾਲ ਪੁੱਛਣਾ ਠੀਕ ਹੈ।

# ਅਦਾਲਤ ਤੋਂ ਬਾਅਦ

- ਮੈਜਿਸਟ੍ਰੇਟ ਵੱਲੋਂ ਤੁਹਾਡਾ ਕੇਸ ਪੂਰਾ ਕਰਨ ਤੋਂ ਬਾਅਦ ਤੁਹਾਨੂੰ ਦਸਤਾਵੇਜ਼ ਇਕੱਤਰ ਕਰਨ ਜਾਂ ਦਸਤਖ਼ਤ ਕਰਨ ਲਈ ਕਿਹਾ ਜਾ ਸਕਦਾ ਹੈ।
- ਰਜਿਸਟਰੀ ਡੈਸਕ 'ਤੇ ਜਾਓ ਅਤੇ ਦੇਖੋ ਕਿ ਕੀ ਅਦਾਲਤ ਛੱਡ ਕੇ ਜਾਣ ਤੋਂ ਪਹਿਲਾਂ ਤੁਹਾਨੂੰ ਕੁਝ ਕਰਨ ਦੀ ਜ਼ਰੂਰਤ ਹੈ।
- ਜੇ ਅਦਾਲਤ ਤੋਂ ਬਾਅਦ ਤੁਹਾਡੇ ਕੋਈ ਸਵਾਲ ਹਨ ਜਾਂ ਤੁਸੀਂ ਅਦਾਲਤ ਵਿੱਚ ਵਾਪਸ ਆ ਰਹੇ ਹੋ ਅਤੇ ਸਹਾਇਤਾ ਚਾਹੁੰਦੇ ਹੋ, ਤਾਂ ਤੁਸੀਂ **ਕੋਰਟ ਨੈੱਟਵਰਕ** (Court Network) ਨੂੰ 1800 571 239 'ਤੇ ਫ਼ੋਨ ਕਰ ਸਕਦੇ ਹੋ।


ਮੈਜਿਸਟ੍ਰੇਟ
ਅਦਾਲਤ ਕਲਰਕ
ਬਚਾਓਕਰਤਾ/ ਵਕੀਲ
ਗਵਾਹ ਵਾਲਾ ਕਟਹਿਰਾ
ਸਰਕਾਰੀ ਵਕੀਲ/ ਪੁਲਿਸ
ਜਨਤਕ ਗੈਲਰੀ

Victorian Legal Services
**BOARD + COMMISSIONER**
Funded through the Legal Services Board Grants Program

ਕੋਰਟ ਨੈੱਟਵਰਕ (Court Network)
1800 571 239
www.courtnetwork.com.au
admin@courtnetwork.com.au
ਲੈਵਲ 5, 555 ਲੋਨਜ਼ਡੇਲ ਸਟ੍ਰੀਟ,
ਮੈਲਬੌਰਨ, ਵਿਕਟੋਰੀਆ, 3000

ਇਹ ਅਦਾਲਤ ਵਿੱਚ ਤੁਹਾਡੇ ਦਿਨ ਲਈ ਆਮ ਗਾਈਡ ਹੈ। ਅਦਾਲਤੀ ਪ੍ਰਕਿਰਿਆਵਾਂ ਬਦਲਣ ਨਾਲ ਜਾਣਕਾਰੀ ਬਦਲ ਸਕਦੀ ਹੈ।

ਔਨਲਾਈਨ ਸਰੋਤਾਂ ਤੱਕ ਪਹੁੰਚ ਕਰਨ ਲਈ, ਜਿਸ ਵਿੱਚ ਹੋਰ ਭਾਸ਼ਾਵਾਂ ਵੀ ਸ਼ਾਮਲ ਹਨ

ਕੋਰਟ ਨੈੱਟਵਰਕ ਨੂੰ ਸਿਫਾਰਸ਼ ਕਰਨ ਲਈ